ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

ਕੜੀ-15, ਊਰਜਾ ਬਚਾਓ ਅਮਲ **(Energy Conservation Practices)**

ਖੋਜ ਤੇ ਲੇਖਣ: ਡਾ. ਅਨੁਰਾਗ ਸ਼ਰਮਾ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(*This episode is on ' Energy Conservation Practices'. The episode tries to focus on the various activities through which energy is wasted. The prctical aspects of the conservation of energy have been discussed and it has also been made out that even the urbanites and the literate , super rich and Neo-Rich are wasting energy more than the ruralites, The NGOs should work in the cities too for conservation of enrgy practices. Government of India 's efforts for saving energy by distribution of LED s through scheme is also discussed.*)

(ਇਹ ਕੜੀ ਊਰਜਾ ਦੀ ਬੱਚਤ ਕਰਨ ਦੇ ਅਮਲਾਂ ਬਾਬਤ ਹੈ ।ਇਸ ਕੜੀ ਵਿੱਚ ਉਨ੍ਹਾਂ ਗਤੀ ਵਿਧੀਆਂ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਹੈ ਜੋ ਊਰਜਾ ਨੂੰ ਅਜਾਈਂ ਗੁਆਉਣ ਵਾਲੀਆਂ ਹਨ ! ਰੋਜਾਨਾ ਜੀਵਣ ਵਿੱਚ ਲੋਕਾਂ ਰਾਹੀਂ ਵਰਤੀ ਜਾਂਦੀ ਊਰਜਾ ਦੀ ਖਪਤ ਘਟਾ ਕੇ ਬੱਚਤ ਕਰਨ ਦੇ ਅਮਲਾਂ 'ਤੇ ਚਰਚਾ ਹੈ । ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਕਿਵੇਂ ਸ਼ਹਿਰੀ ਤੇ ਪੜੈ ਲਿਖੇ ਲੋਕ , ਅਮੀਰ ਤੇ ਨਵ ਅਮੀਰ ਵੀ ਊਰਜਾ ਨੂੰ ਜਾਇਆ ਕਰਦੇ ਹਨ । ਗੈਰ ਸਰਕਾਰੀ ਸੰਗਠਨਾਂ ਦੇ ਕੰਮ ਢੰਗ 'ਤੇ ਅਤੇ ਉਨ੍ਹਾਂ ਵੱਲੋਂ ਰੋਜਾਨਾ ਜੀਵਣ ਵਿੱਚ ਊਰਜਾ ਦੀ ਬੱਚਤ ਬਾਬਤ ਸ਼ਹਿਰੀ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਤੇ ਵੀ ਜੋਰ ਹੈ । ਭਾਰਤ ਸਰਕਾਰ ਵੱਲੋਂ_ਜਾਲਾ ਸਕੀਮ ਤਹਿਤ ਐਲ ਈ ਡੀ ਬਲਬਾਂ ਦੀ ਵੰਡ ਰਾਹੀਂ ਊਰਜਾ ਬਚਾਉਣ ਤੇ ਵੀ ਕੀਤੀ ਹੈ ਚਰਚਾ !)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਮੀਤਾ ( ਮਾਂ ) : ਇੱਕ ਔਰਤ ਉਮਰ 40 ਸਾਲ, ਸਰਿਸ਼ਟੀ ਦੀ ਮਾਂ

ਸਰਿਸ਼ਟੀ: ਮੀਤਾ ਦੀ ਬੇਟੀ ਉਮਰ 12 ਸਾਲ

ਨਰਿੰਦਰ ਕੌਰ: ਸ਼ਰਿਸ਼ਟੀ ਦੀ ਭੈਣ ਉਮਰ 15 ਸਾਲ

ਪਿਤਾ : ਸਰਿਸ਼ਟੀ ਤੇ ਨਰਿੰਦਰ ਦਾ ਪਿਤਾ

ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**"

ਇਸ ਕੜੀ ਵਿੱਚ ਅਸੀਂ ਹੋ ਰਹੇ ਹਾਂ ਰੂਬਰੂ ਆਪਣੇ ਸ੍ਰੋਤਿਆਂ ਦੇ "**ਟਿਕਾਊ ਵਿਕਾਸ**" ਦੇ ਇੱਕ ਹੋਰ ਪਹਿਲੂ 'ਊਰਜਾ ਦੀ ਸੰਭਾਲ ਵਾਸਤੇ ਅਮਲ' ਨਾਲ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਦੀ ਪੰਦਰਵੀਂ ਕੜੀ ਵਿੱਚ ਸ੍ਰੋਤਿਆਂ ਦਾ ਨਿਘਾ ਸੁਆਗਤ ਹੈ ।

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਸੁਣਾਈ ਸੀ ਕਹਾਣੀ 'ਸੁਰੱਖਿਅਤ ਆਧੁਨਿਕ ਊਰਜਾ ਹਰ ਇੱਕ ਦਾ ਹੱਕ' !

**ਔਰਤ ਸੂਤਰਧਾਰ:** ਕਬਾਇਲੀ ਇਲਾਕਿਆਂ ਤੇ ਪਿੰਡਾਂ ਵਿੱਚ ਬਿਜਲੀ ਦੀ ਦਿੱਕਤ ਤੇ ਉਨ੍ਹਾਂ ਤੱਕ ਬਿਜਲੀ ਪਹੁੰਚਾਉਣ ਦੀਆਂ ਵੱਖ-ਵੱਖ ਵਿਧੀਆਂ ਦੀ ਵਾਰਤਾ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਰਾਸਟਰੀ ਭੌਤਿਕ ਪ੍ਰਯੋਗਸ਼ਾਲਾ ਨਵੀਂ ਦਿੱਲੀ ਦੇ ਵਿਗਿਆਨੀ ਹੋ ਗਏ ਸਫਲ ਪਾਣੀ ਨੂੰ ਤੋੜ ਕੇ ਬਿਜਲੀ ਬਣਾਉਣ ਵਿੱਚ !

**ਔਰਤ ਸੂਤਰਧਾਰ:** ਸੰਸਾਰ ਭਰ ਵਿੱਚ ਸਾਡੇ ਵਿਗਿਆਨੀ ਡਾ ਆਰ ਕੇ ਕੋਟਨਾਲਾ ਤੇ ਡਾ. ਜੋਤੀ ਸ਼ਾਹ ਦੀ ਟੀਮ ਬਣ ਗਈ ਹੈ ਮੋਹਰੀ!

**ਮਰਦ ਸੂਤਰਧਾਰ:** ਬਣਾ ਲਿਆ ਹੈ ਹਾਈਡਰੋਇਲੈਕਟਰਿਕ ਸੈੱਲ!

**ਔਰਤ ਸੂਤਰਧਾਰ:** ਸੁਣਿਆ ਸੀ ਕਿ ਨੈਨੋ ਤਕਨਾਲੋਜੀ ਨਾਲ ਮੈਗਨੇਸ਼ੀਅਮ ਫੈਰਾਈਟ ਨਾਲ ਬਣਾ ਲਿਆ ਪਲੇਠਾ ਹਾਈਡਰੋਇਲੈਕਟਰਿਕ ਸੈੱਲ ਤੋੜਨ ਵਾਸਤੇ ਪਾਣੀ ਨੂੰ ।

**ਮਰਦ ਸੂਤਰਧਾਰ:** ਬਿਨਾ ਤਾਰ, ਬਿਨਾ ਵਿਤਰਣ ਤਾਣੇ ਬਾਣੇ ਦੇ, ਬਿਨਾ ਮਹਿੰਗੇ ਰਸਾਇਣਾਂ ਦੇ ਊਰਜਾ ਹੋ ਸਕੇਗੀ ਉਪਲਬਧ ਦੁਰਗਮ ਤੇ ਕਬਾਇਲੀ ਖੇਤਰਾਂ ਦੇ ਸਾਰੇ ਵਾਸੀਆਂ ਨੂੰ ।

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਬ੍ਰਿਤਾਂਤ ਊਰਜਾ ਬਚਾਓ ਅਮਲਾਂ ਦਾ !

**ਮਰਦ ਸੂਤਰਧਾਰ:** ਸੁਣਾਂਗੇ ਕੌਣ ਕਰਦਾ ਹੈ ਜਾਇਆ ਊਰਜਾ ਨੂੰ ਸ਼ਹਿਰੀ ਪੜ੍ਹੇ ਲਿਖੇ ਸਿਆਣੇ ਜਾ ਕੇਵਲ ਪੇਂਡੂ ਜਨ ਸਧਾਰਨ !

**ਐਲਾਨ**: ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਸਾਡੇ ਕਲਾਕਾਰਾਂ ਵੱਲੋਂ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਪੰਦਰਵੀਂ ਕੜੀ, 'ਊਰਜਾ ਬਚਾਓ ਅਮਲ'

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

……………… **ਕੜੀ ਦਾ ਸੰਗੀਤ** …………

**ਦ੍ਰਿਸ਼ -ਪਹਿਲਾ**

(ਜਸ਼ਨ ਮਨਾਏ ਜਾਣ ਦੀਆਂ ਆਵਾਜਾਂ ! ਸ਼ੋਰ ਪੈ ਰਿਹਾ ਹੈ !)

**ਮੀਤਾ:** ਚਲ ਸਰਿਸ਼ਟੀ ਕੇਕ ਕੱਟ ! ਆਓ ਬਈ ... ਸਾਰੇ ਆ ਜਾਓ ...........

**ਸਰਿਸ਼ਟੀ:** ਮੰਮੀ ! ਦੀਦੀ ਨੂੰ ਤਾਂ ਬੁਲਾਓ !

**ਇੱਕ ਆਵਾਜ :** ਹਾਂ ਬਈ ! ਆਪਣੀ ਨਰਿੰਦਰ ਦੀਦੀ ਦੇ ਬਗੈਰ ਤਾਂ ਸਰਿਸ਼ਟੀ ਕੁੱਝ ਵੀ ਨਹੀਂ ਕਰਦੀ ।

**ਨਰਿੰਦਰ:** ਸਰਿਸ਼ਟੀ! ਤੇਰੇ ਪਿੱਛੇ ਹੀ ਤਾਂ ਖੜ੍ਹੀ ਹਾਂ...... ਚਲ ਹੁਣ ਜਲਦੀ ਕੈਂਡਲ ਬੁਝਾ ......

(ਹਾਸੇ ਦੀ ਧੁਨੀ )

**ਇੱਕ ਆਵਾਜ :** ਮੀਤਾ ! ਅੱਜ ਡਾਕਟਰ ਸਾਹਿਬ ਨਜਰ ਨਹੀਂ ਆ ਰਹੇ ?

**ਮੀਤਾ:** ਹਾਂ ਮਿਸਿਜ਼ ਗੁਪਤਾ ! ਉਹ ਰਾਤ ਦੀ ਫਲਾਈਟ ਤੇ ਮੁੜਨਗੇ... ਹਾਂ ਸਰਿਸ਼ਟੀ , ਤਿਆਰ...

( ਸਾਰੇ ਤਾੜੀਆਂ ਮਾਰਦੇ ਨੇ ਤੇ ਗਾਉਂਦੇ ਨੇ )

**ਸਾਰੇ ਮਿਲ ਕੇ :** ਹੈਪੀ ਬਰਥ ਡੇ ਟੂ ਯੂ ...... ਹੈਪੀ ਬਰਥ ਡੇ ਟੂ ਡੀਅਰ ਸਰਿਸ਼ਟੀ... ਹੈਪੀ ਬਰਥ ਡੇ...

(ਅਵਾਜਾਂ ਹੌਲੀ-ਹੌਲੀ ਧੀਮੀਆਂ ਹੋਕੇ ਬੰਦ ਹੁੰਦੀਆਂ ਨੇ ...)

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ -2**

ਸਰਿਸ਼ਟੀ ਦੇ ਘਰ ਦਾ ਦੂਸਰਾ ਕਮਰਾ

**ਸਰਿਸ਼ਟੀ:** ਦੀਦੀ ! ਗਿਫਟ ਵੇਖੀਏ ? ਆਹ ਤਾਂ ਸੱਭ ਤੋਂ ਚੰਗਾ ਹੈ ! ਥੋੜ੍ਹਾ ਜਿਹਾ ਪਾਣੀ ਤੇ ਨਮਕ ਪਾਉਣ ਨਾਲ ਹੀ ਘੜੀ ਚੱਲ ਪੈਂਦੀ ਹੈ !

**ਨਰਿੰਦਰ:** ਤੇ ਆਹ ! ਇਹ ਤਾਂ ਸੂਰਜੀ ਸੈੱਲ ਨਾਲ ਪੱਖੇ ਨੂੰ ਵੀ ਚੱਲਾ ਦਿੰਦਾ ਹੈ !

**ਮਾਂ:** ਚਲੋ ਬੱਸ ! ਸੌਂ ਜਾਓ ਹੁਣ !

**ਸਰਿਸ਼ਟੀ:** ਮੰਮੀ ਨੀਂਦ ਨਹੀਂ ਆ ਰਹੀ, ਗੱਲਾਂ ਕਰਦੇ ਹਾਂ , ਤਦ ਤਕ ਪਿਤਾ ਜੀ ਵੀ ਆ ਜਾਣਗੇ ।

**ਮਾਂ:** 12 ਸਾਲ ਦੀ ਹੋ ਗਈ ...... ਇਸ ਦੀਆਂ ਗੱਲਾਂ ਹੀ ਨਹੀਂ ਮੁੱਕਦੀਆਂ , ਮੈਂ ਤਾਂ ਆਪਣਾ ਪਰੈਜ਼ੈਂਟੇਸ਼ਨ ਵੀ ਤਿਆਰ ਕਰਨਾ ਹੈ !

**ਨਰਿੰਦਰ:** ਤੁਸੀਂ ਆਪਣਾ ਪਰੈਜ਼ੈਂਟੇਸ਼ਨ ਤਿਆਰ ਕਰ ਲਓ , ਅਸੀਂ ਦੋਵੇਂ ਗੱਲਾਂ ਕਰਦੇ ਹਾਂ !

ਹਾਸਾ

**ਸਰਿਸ਼ਟੀ:** ਮੰਮੀ ਤੁਹਾਡਾ ਪਰੈਜ਼ੈਂਟੇਸ਼ਨ ਕਿਸ ਵਿਸ਼ੇ ‘ਤੇ ਹੈ ?

**ਮਾਂ:** ਊਰਜਾ ਸੁਰੱਖਿਅਣ ।

**ਸਰਿਸ਼ਟੀ:** ਅੱਛਾ ! ਅਨਰਜੀ ਕੰਜ਼ਰਵੇਸ਼ਨ ਦੇ ਵਿਸੇ ਤੇ ਬੋਲਣਾ ਹੈ ਤੁਸੀਂ !

**ਮਾਂ:** ਹਾਂ !

**ਸਰਿਸ਼ਟੀ:** ਪਰ ਇਸ ਬੋਲਣ ਦੇ ਚੱਕਰ ਨੇ ਮੇਰੇ ਵਰਗਿਆਂ ਨੂੰ ਤਾਂ ਮੁਸੀਬਤ ਵਿੱਚ ਹੀ ਪਾ ਦਿੱਤਾ ।

**ਮਾਂ:** ਉਹ ਕਿਵੇਂ ?

**ਸਰਿਸ਼ਟੀ:** ਊਰਜਾ ਬਚਾਉਣ ਬਾਬਤ ਸਕੂਲ ਵਿੱਚ ਮੈਂ ਲਗਾਇਆ ਪੋਸਟਰ, ਪਰ ਮਾਸਟਰ ਜੀ ਕਹਿੰਦੇ ਨੇ ਇਸ 'ਤੇ ਅਮਲ ਕਰੋ !

**ਮਾਂ:** ਕੀ ਹੈ ਪੋਸਟਰ ਵਿੱਚ ?

**ਸਰਿਸ਼ਟੀ:** ਕਿ ਸਾਨੂੰ ਊਰਜਾ ਦੀ ਬੱਚਤ ਕਰਨੀ ਚਾਹੀਦੀ ਹੈ , ਬਿਜਲੀ ਫਾਲਤੂ ਚਲਦੀ ਨਾ ਰਹੇ, ਬਾਹਰ ਜਾਣ ਵੇਲੇ ਸਾਰੇ ਸੁੱਚ ਬੰਦ ਕਰ ਦੇਈਏ ।ਨਿਜੀ ਕਾਰਾਂ ਦੀ ਥਾਂ ਯਾਤਰੀ ਬਸਾਂ ਵਿੱਚ ਸਫਰ ਕਰੀਏ । ਜਿਥੇ ਕਾਰ ਵਿੱਚ ਜਾਣਾ ਹੋਵੇ ਤਾਂ ਇਕੱਠੇ ਹੋ ਕੇ ਦਿਨ ਵੰਡ ਕੇ ਇੱਕ ਹੀ ਕਾਰ ਵਿੱਚ ਜਾਈਏ ।

**ਨਰਿੰਦਰ:** ਮੰਮੀ ਤੁਹਾਡੀ ਸੰਸਥਾ ਤਾਂ ਲੋਕਾਂ ਵਿੱਚ ਕਿੰਨੇ ਸਮੇ ਤੋਂ ਕੰਮ ਕਰ ਰਹੀ ਹੈ , ਹਰ ਵਾਰ ਪ੍ਰੈਜ਼ੈਂਟੇਸ਼ਨ ਦੀ ਕੀ ਲੋੜ ਹੈ ? ਕਿੱਥੇ ਹੈ ਤੁਹਾਡਾ ਪਰੇਜ਼ੈਂਟੇਸ਼ਨ ?

**ਮਾਂ:** ਰਾਏਪੁਰ ਵਿੱਚ !

**ਨਰਿੰਦਰ:** ਲਓ ਵੇਖੋ ! ਦਿੱਲੀ ਤੋਂ ਰਾਏਪੁਰ!

**ਸਰਿਸ਼ਟੀ:** ਹੈਂ ਮੰਮੀ ! ਤੁਸੀਂ ਉਰਜਾ ਬਚਾਉਣ ਵਾਸਤੇ ਦਿੱਲੀ ਤੋਂ ਰਾਏਪੁਰ ਜਾਓਗੇ , ਹਵਾਈ ਜਹਾਜ ਰਾਹੀਂ ਜਾ ਰੇਲ ਗੱਡੀ ਰਾਹੀਂ ! ਯਾਣੀ ਊਰਜਾ ਬਚਾਉਣ ਵਾਸਤੇ ਵੀ ਊਰਜਾ ਦਾ ਖਰਚ !

**ਮਾਂ:** ਸਰਿਸ਼ਟੀ ਤੂੰ ਤਾਂ ਮਿਹਣਾ ਮਾਰ ਕੇ ਮੈਨੂੰ ਸੋਚਣ ਵਾਸਤੇ ਕਰ ਦਿੱਤਾ ਹੈ ਮਜਬੂਰ ! ਹਾਂ, ਅਜਿਹੇ ਸਫਰ ਹੀ ਤਾਂ ਵਧਾਉਂਦੇ ਨੇ ਕਾਰਬਨ ਉਤਸਰਜਨ ਤੇ ਕਾਰਬਨ ਫੁੱਟ ਪ੍ਰਿੰਟਸ (ਕਾਰਬਨੀ ਪੈੜਾਂ ) ਵੀ !

**ਨਰਿੰਦਰ:** ਮੰਮੀ ! ਤੁਸੀਂ ਵੀਡੀਓ ਕਾਨਫਰੰਸ ਹੀ ਕਿਉਂ ਨਹੀਂ ਕਰ ਲੈਂਦੇ ? ਵਕਤ ਤੇ ਊਰਜਾ ਦੋਹਾਂ ਦੀ ਬੱਚਤ !

**ਸਰਿਸ਼ਟੀ:** ਹਾਂ ਮੰਮੀ ! ਆਈਡੀਆ ਤਾਂ ਠੀਕ ਹੈ , ਵੀਡੀਓ ਕਾਨਫਰੰਸ ਰਾਹੀਂ ਹੀ ਚਰਚਾ ਕਰ ਲਓ ! ਨਾਲੇ ਮੰਮੀ ਅਜੇ ਅੱਜ ਤਾਂ ਪਿਤਾ ਜੀ ਵਾਪਸ ਆਉਣਗੇ ਤੇ ਕੱਲ੍ਹ ਤੁਸੀਂ ਚਲੇ ਜਾਓਗੇ , ਇਹ ਵੀ ਤਾਂ ਠੀਕ ਨਹੀਂ !

**ਮਾਂ:** ਪਰ.........

**ਨਰਿੰਦਰ:** ਪਰ ਦਾ ਕੀ ਮਤਲਬ ਮੰਮੀ ? ਹਕੀਕਤ ਵਿੱਚ ਊਰਜਾ ਦੀ ਬੱਚਤ ਵੀ ਤਾਂ ਕਰਕੇ ਵਿਖਾਓ ! ਕਿਤੇ ਅਜਿਹਾ ਨਾ ਹੋਵੇ ਔਰਨ ਕੋ ਨਸੀਹਤ ਆਪ ਮੀਆਂ ਫਜ਼ੀਹਤ!

**ਮਾਂ:** ਵੈਸੇ ਗੱਲ ਤਾਂ ਤੁਹਾਡੀ ਜੱਚਦੀ ਹੈ , ਮੈਂ ਸਾਰੇ ਮੈਂਬਰਾਂ ਤੇ ਨਿਵੇਸ਼ਕਾਂ ਨੂੰ ਈ ਮੇਲ ਭੇਜ ਕੇ ਵੇਖਦੀ ਹਾਂ !

**ਸਰਿਸ਼ਟੀ:** ਵਾਹ ਮੰਮੀ ! ਹੁਣ ਹੋਵੇਗਾ ਤੁਹਾਡੇ ਮਨ, ਬਚਨ ਤੇ ਕਰਮ ਦਾ ਸੁਮੇਲ !

**ਮਾਂ:** ( ਸੰਦੇਸ਼ ਟਾਈਪ ਕਰਦੇ ਹੋਏ ) ਵੈਸੇ ਇਹ ਦੱਸੋ ਕਿ ਊਰਜਾ ਬੱਚਤ ਦੇ ਹੋਰ ਕਿਹੜੇ-ਕਿਹੜੇ ਹੋ ਸਕਦੇ ਨੇ ਉਪਾਅ ?

**ਸਰਿਸ਼ਟੀ:** ਮੰਮੀ! ਗੁੱਸਾ ਨਾ ਕਰਨਾ, ਸੱਚ ਤਾਂ ਇਹ ਹੈ ਕਿ ਊਰਜਾ ਬਚਾਓ ਪ੍ਰਚਾਰਕ, ਪੜ੍ਹੇ ਲਿਖੇ ਤੇ ਪੈਸੇ ਵਾਲੇ ਜਿਆਦਾ ਊਰਜਾ ਖਰਾਬ ਕਰਦੇ ਨੇ ਤੇ ਉਹੀ ਸੱਭ ਤੋਂ ਜਿਆਦਾ ਸਮੱਸਿਆ ਪੈਦਾ ਕਰਦੇ ਨੇ ਊਰਜਾ ਬਚਾਉਣ ਦੇ ਮਾਮਲੇ ਵਿੱਚ !

**ਮਾਂ:** ਉਹ ਕਿਵੇਂ ?

**ਸਰਿਸ਼ਟੀ:** ਵੇਖੋ ਮੰਮੀ , ਆਪਣੀ ਆਹ ਨੀਲਮ ਆਂਟੀ ਨੂੰ ਪੇੜ -ਪੌਦਿਆਂ, ਕੀੜਿਆਂ ਮਕੌੜਿਆਂ ਦੀ ਚਿੰਤਾ ਤਾਂ ਹਰ ਵਕਤ ਰਹਿੰਦੀ ਹੈ , ਪਰ ਜਰਾ ਜਿੰਨੀ ਗਰਮੀ ਵੀ ਬਰਦਾਸ਼ਤ ਨਹੀਂ ਕਰ ਸਕਦੇ ਇੱਕ ਮਿੰਟ ਵੀ !

**ਨਰਿੰਦਰ:** ਪਰ ਸਰਿਸ਼ਟੀ ! ਗਰਮੀ ਵੱਧ ਵੀ ਤਾਂ ਜਿਆਦਾ ਹੀ ਗਈ ਹੈ !

**ਸਰਿਸ਼ਟੀ:** ਪਰ ਦੀਦੀ ! ਗਰਮੀ ਵੀ ਤਾਂ ਇਨ੍ਹਾਂ ਦੇ ਫਾਲਤੂ ਚਲਦੇ ਏ ਸੀ, ਬੜੇ-ਬੜੇ ਫਰਿਜਾਂ, ਵੱਡੀਆਂ-ਵੱਡੀਆਂ ਗੱਡੀਆਂ ਕਰਕੇ ਹੀ ਵਧੀ ਹੈ !

**ਮਾਂ:** ਹਾਂ ਸ਼ਰਿਸ਼ਟੀ ! ਨੀਲਮ ਦਾ ਏ ਸੀ ਤਾਂ ਦਿਨ ਰਾਤ ਕਦੀ ਮੈਂ ਬੰਦ ਹੁੰਦਾ ਹੀ ਨਹੀਂ ਵੇਖਿਆ ।

**ਸਰਿਸ਼ਟੀ:** ਮੰਮੀ ! ਇਹੀ ਤਾਂ ਮੈਂ ਕਹਿੰਦੀ ਹਾਂ ! ਉਨ੍ਹਾਂ ਦੇ ਦਿਓ ਕੱਦ ਫਰਿਜ ਵਿੱਚ ਤਾਂ ਖਾਣਾ ਤੇ ਭਾਂਤ-ਭਾਂਤ ਦੇ ਬਦੇਸੀ ਫਲ ਹੀ ਭਰੇ ਰਹਿੰਦੇ ਨੇ! ਫਰਿਜ ਵੀ ਤਾਂ ਤਪਸ ਵਧਾਉਂਦਾ ਤੇ ਊਰਜਾ ਖਪਤ ਕਰਦਾ ਹੈ !

**ਨਰਿੰਦਰ:** ਪਰ ਨੀਲਮ ਆਂਟੀ ਦੇ ਫਲ ਹੁੰਦੇ ਤਾਂ ਬਹੁਤ ਹੀ ਚੰਗੇ ਨੇ !

**ਸਰਿਸ਼ਟੀ:** ਪਰ ਦੀਦੀ ! ਕਿਹੜੇ ਫਲ ? ਕਿਥੋਂ ਦੇ ਫਲ ? ਜੇ ਅਸੀਂ ਆਪਣੇ ਰੁੱਤ ਅਨੁਸਾਰ ਦੇਸੀ ਫਲ ਖਾਈਏ ਤਾਂ ਸਾਨੂੰ ਐਨੇ ਵੱਡੇ-ਵੱਡੇ ਫਰਿਜਾਂ ਰਾਹੀਂ ਊਰਜਾ ਖਪਤ ਵਧਾ ਕੇ ਕਾਰਬਨ ਫੁਟ ਪ੍ਰਿੰਟਸ ਵਧਾਉਣ ਦੀ ਲੋੜ ਹੀ ਨਹੀਂ !

**ਨਰਿੰਦਰ:** ਹਾਂ ਸਰਿਸ਼ਟੀ ! ਇਨ੍ਹਾਂ ਬੇਰੁੱਤੇ ਫਲਾਂ ਦਾ ਨਾ ਤਾਂ ਸੁਆਦ ਕੁਦਰਤੀ ਹੁੰਦਾ ਹੈ ਤੇ ਨਾ ਹੀ ਇਨ੍ਹਾਂ ਵਿੱਚ ਕੁਦਰਤੀ ਪੋਸ਼ਕ ਤੱਤਾਂ ਦੀ ਉਨੀ ਭਰਮਾਰ ਰਹਿੰਦੀ ਹੈ ।

**ਸਰਿਸ਼ਟੀ:** ਕਈ ਵਾਰ ਤਾਂ ਇਨ੍ਹਾਂ ਵਿੱਚ ਅਤਿ ਸੂਖਮ ਰਸਾਇਣਿਕ ਬਦਲਾ ਵੀ ਆ ਜਾਂਦੇ ਹਨ ਜੋ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ ! ਇਨ੍ਹਾਂ ਦੀ ਤਾਂ ਕੀਮਤ ਵੀ ਵੱਧ ਜਾਂਦੀ ਹੈ।

**ਨਰਿੰਦਰ:** ਪਰ ਮੰਮੀ ! ਤੁਹਾਡੀ ਸੰਸਥਾ ਤਾਂ ਪਿੰਡਾਂ ਵਿੱਚ ਕੰਮ ਕਰਦੀ ਹੈ ਨਾ? ਉਥੇ ਤਾਂ ਐਡੇ ਵੱਡੇ ਫਰਿਜ ਹੈ ਹੀ ਨਹੀਂ!

**ਮਾਂ:** ਹਾਂ ! ਅਸੀਂ ਪੇਂਡੂ ਲੋਕਾਂ ਨੂੰ ਸਿਖਿਆ ਤੇ ਰੁਜਗਾਰ ਦੀ ਸਿਖਲਾਈ ਦੇ ਨਾਲ-ਨਾਲ ਪਰਿਆਵਰਣ ਦੀ ਸੰਭਾਲ ਬਾਬਤ ਵੀ ਜਾਗਰੂਕ ਕਰਦੇ ਹਾਂ ।

**ਨਰਿੰਦਰ:** ਮੰਮੀ ! ਪਰਿਆਵਰਣ ਤਾਂ ਸ਼ਹਿਰਾਂ ਦਾ ਹੋ ਰਿਹਾ ਹੈ ਖਰਾਬ ! ਗੱਡੀਆਂ, ਫਰਿਜ, ਫੈਕਟਰੀਆਂ, ਧੂੰਆਂ, ਜਲ ਤੇ ਹਵਾ ਪ੍ਰਦੂਸ਼ਣ, ਸੱਭ ਕੁੱਝ ਤਾਂ ਪੈਦਾ ਕੀਤਾ ਜਾ ਰਿਹਾ ਹੈ ਸ਼ਹਿਰਾਂ ਵੱਲੋਂ, ਤਾਂ ਪਿੰਡਾਂ ‘ਤੇ ਐਨਾ ਜੋਰ ਕਿਉਂ ?

**ਸਰਿਸ਼ਟੀ:** ਦੀਦੀ! ਮੈਨੂੰ ਤਾਂ ਅਮੀਰਾਂ ਤੇ ਪੜ੍ਹੇ ਲਿਖਿਆਂ ਦੀ ਇਹ ਚਾਲ ਲੱਗਦੀ ਹੈ,ਜਿਵੇਂ ਵਿਕਸਿਤ ਦੇਸ ਸਾਡੇ ਨਾਲੋਂ 20 ਗੁਣਾ ਕਾਰਬਨ ਉਤਸਰਜਨ ਕਰਕੇ ਵੀ ਆਲਮੀ ਤਪਸ਼ ਤੇ ਪਰਿਆਵਰਣ ਵਿਗਾੜ ਦਾ ਦੋਸ਼ ਸਾਡੇ ਸਿਰ ਮੜ੍ਹ ਦਿੰਦੇ ਨੇ !

**ਨਰਿੰਦਰ:** ਮੰਮੀ ! ਸ਼ਹਿਰੀਆਂ ਨੂੰ ਕੌਣ ਸਮਝਾਏਗਾ ? ਅਜੇ ਤੱਕ ਚੰਡੀਗੜ੍ਹ ਵਿੱਚ ਵੀ ਇਹ ਗਿੱਲਾ ਕੂੜਾ ਹਰੇ ਕੂੜੇਦਾਨ ਵਿੱਚ ਤੇ ਸੁੱਕਾ ਪਲਾਸਟਿਕ ਟਿਨ ਕਾਗਜ ਆਦਿ ਨੀਲੇ ਕੂੜੇਦਾਨ ਵਿੱਚ ਨਹੀਂ ਪਾ ਰਹੇ ! ਤਾਂ ਊਰਜਾ ਬੱਚਤ ਕਿਸ ਨੇ ਕਰਨੀ ਹੈ ?

**ਸਰਿਸ਼ਟੀ:** ਦੀਦੀ ! ਅਜੇ ਤਾਂ ਮਿਉਂਸਪਲ ਕਮੇਟੀਆਂ/ ਕਾਰਪੋਰੇਸ਼ਨਾਂ ਤੇ ਇਨ੍ਹਾਂਦੇ ਅਧਿਕਾਰੀਆਂ ਨੇ ਵੀ ਅਜਿਹੇ ਵਖਰੇਵੇਂ ਵਾਸਤੇ ਕੋਈ ਬਹੁਤਾ ਕੁੱਝ ਨਹੀਂ ਕੀਤਾ ।ਲੋਕੀ ਗੱਡੀਆਂ ਧੋਣ ‘ਤੇ ਹੀ ਲੱਖਾਂ ਲਿਟਰ ਪੀਣ ਦਾ ਪਾਣੀ ਬਰਬਾਦ ਕਰਕੇ ਕਾਰਬਨ ਫੁੱਟ ਪ੍ਰਿੰਟਸ ਨੂੰ ਪਿੰਡਾਂ ਨਾਲੋਂ ਕਈ ਗੁਣਾ ਜਿਆਦਾ ਵਧਾ ਰਹੇ ਨੇ !

**ਨਰਿੰਦਰ:** ਮੰਮੀ ! ਨਰੇਸ਼ ਅੰਕਲ ਦੇ ਬੇਟੇ ਨੇ ਕਿੰਨੀ ਵੱਡੀ ਐਸ ਯੂ ਵੀ ਲਈ ਹੈ, ਸਾਨੂੰ ਵਿਖਾਉਣ ਲਈ ਕਿੰਨੀ ਦੂਰੋਂ ਗੱਡੀ ਚਲਾ ਕੇ ਆਇਆ ਹੈ! ਇਹ ਕਿੰਨੀ ਕੁ ਸਮਝ ਵਾਲੀ ਗੱਲ ਹੈ ਇਸ ਪੜ੍ਹੇ ਲਿਖੇ ਚੇਤਨ ਸਮਝੇ ਜਾਣ ਵਾਲੇ ਨੌਜੁਆਨ ਦੀ ?

**ਮਾਂ:** ਕਿਉਂ ਇਸ ਵਿੱਚ ਕੀ ਬੁਰੀ ਗੱਲ ਹੈ ? ਵਰੁਣ ਦੀ ਪਹਿਲੀ ਕਾਰ ਹੈ ......

**ਸਰਿਸ਼ਟੀ:** ਮੰਮੀ ! "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ"! ਦੂਰ ਤੱਕ ਪ੍ਰਚਾਰ ਕਰਨ ਜਾਂਦੇ ਹੋ ਊਰਜਾ ਬਚਾਉਣ ਦਾ,ਪਰਿਆਵਰਨ ਬਚਾਉਣ ਦਾ, ਉਹ ਵੀ ਉਨ੍ਹਾਂ ਲੋਕਾਂ ਵਿੱਚ ਜਿਨ੍ਹਾਂ ਕੋਲ ਮਸੀਂ ਹੀ ਇੱਕ ਲਾਟੂ ਸਾਰੇ ਘਰ ਵਾਸਤੇ, ਪਰ ਆਪਣੇ ਭਤੀਜੇ ਦੀ ਵੱਡੀ ਗੱਡੀ ਰਾਹੀਂ ਬੇਮਤਲਬਾ ਪ੍ਰਦੂਸ਼ਣ ਤੁਹਾਨੂੰ ਨਜ਼ਰ ਹੀ ਨਹੀਂ ਆਉਂਦਾ !

**ਨਰਿੰਦਰ:** ਪ੍ਰਦੂਸਣ ਤਾਂ ਹੋ ਰਿਹਾ ਹੈ, ਪਰ ਸਾਡੀ ਮੰਮੀ ਨੂੰ ਤਾਂ ਅੰਦਰਲੀ ਠੰਢਕ ਹੀ ਦਿਸਦੀ ਹੈ ਨਾ ? ਕੰਪਨੀਆਂ ਨੇ ਵੀ ਕੀ ਲੈਣਾ ਹੈ, ਉਨ੍ਹਾਂ ਦੀਆਂ ਤਾਂ ਗੱਡੀਆਂ ਹੀ ਵਿਕਦੀਆਂ ਨੇ !

**ਸਰਿਸ਼ਟੀ:** ਦੀਦੀ ! ਗੱਡੀ ਜਦ ਖੜ੍ਹੀ ਹੁੰਦੀ ਹੈ ਤਾਂ ਉਸਦੇ ਏ ਸੀ ਦੇ ਡਕਟਾਂ ਵਿੱਚ ਬਹੁਤ ਸਾਰੇ ਹਾਨੀਕਾਰਕ ਰਸਾਇਣ ਜਮ੍ਹਾ ਹੋ ਜਾਂਦੇ ਨੇ ਤੇ ਜਦ ਵਰੁਣ ਭਈਆ ਜਿਹਾ ਬੰਦਾ ਉਸ ਵਿੱਚ ਬਹਿ ਕੇ ਕਰਦਾ ਹੈ ਏ ਸੀ ਆਨ ਤਾਂ ਉਹ ਸਾਰੇ ਦੇ ਸਾਰੇ ਰਸਾਇਣ ਚਲੇ ਜਾਂਦੇ ਨੇ ਉਨ੍ਹਾਂ ਦੇ ਅੰਦਰ ।

**ਨਰਿੰਦਰ:** ਮੰਮੀ ! ਕੰਚ ਬਾਹਰੋਂ ਗਰਮੀ ਸੋਖਦਾ ਹੈ ਤੇ ਅੰਦਰਲੇ ਹਿੱਸੇ ਨੂੰ ਗਰਮ ਰੱਖਦਾ ਹੈ !

**ਮਾਂ :** ਹਾਂ ! ਇਸੇ ਲਈ ਤਾਂ ਠੰਢੇ ਮੁਲਕਾਂ ਵਿੱਚ ਇਮਾਰਤਾਂ ਸ਼ੀਸ਼ੇ ਦੀਆਂ ਬਣਾਈਆਂ ਜਾਂਦੀਆਂ ਨੇ ਤਾ ਕਿ ਜਿੰਨੀ ਥੋੜ੍ਹੀ ਬਹੁਤ ਗਰਮੀ ਅੰਦਰ ਜਾਵੇ ਉਹ ਬਾਹਰ ਨਾ ਆਵੇ ਤੇ ਇਮਾਰਤ ਰਹੇ ਗਰਮ।

**ਨਰਿੰਦਰ:** ਪਰ ਸਾਡੇ ਗਰਮ ਦੇਸ਼ ਵਿੱਚ ਦੋ ਤਿੰਨ ਦਹਾਕਿਆਂ ਤੋਂ ਸ਼ੀਸ਼ੇ ਦੀਆਂ ਇਮਾਰਤਾਂ ਕਿਉਂ ਬਣਨ ਲੱਗੀਆਂ ਨੇ ? ਘਰਾਂ ਵਿੱਚ ਵੀ ਬਹੁਤ ਸਾਰਾ ਕੰਚ ਲਗਣ ਲੱਗ ਗਿਆ। ਗਰੀਨ ਹਾਊਸ ਪ੍ਰਭਾਵ ਕਾਰਨ ਗਰਮ ਹੋਈਆਂ ਇਨ੍ਹਾਂ ਇਮਾਰਤਾਂ ਨੂੰ ਠੰਢਾ ਕਰਨ ਵਾਸਤੇ ਚਲਦੇ ਨੇ ਏ ਸੀ! ਤੁਸੀਂ ਹੀ ਦੱਸੋ ਇਸ ਤਰ੍ਹਾਂ ਊਰਜਾ ਦੀ ਬੱਚਤ ਕਿਵੇਂ ਹੋ ਸਕਦੀ ਹੈ ?

**ਸਰਿਸ਼ਟੀ :** ਹਾਂ ਮੰਮੀ ! ਹੁਣ ਤਾਂ ਸਰਕਾਰੀ ਭਵਨ ਵੀ ਸ਼ੀਸ਼ਿਆਂ ਵਾਲੇ ਹੀ ਬਣ ਰਹੇ ਨੇ ! ਚੰਡੀਗੜ੍ਹ ਵਿੱਚ ਸਥਾਨਕ ਸਰਕਾਰਾਂ ਦਾ ਤੇ ਮੁਹਾਲੀ ਵਿਖੇ ਪੂਡਾ ਦਾ ਦਫਤਰ ਤੇ ਹੋਰ ਕਈ ਸਰਕਾਰੀ ਇਮਾਰਤਾਂ ਸ਼ੀਸ਼ੇ ਦੀਆਂ ਨੇ ਤੇ ਸਾਰੀਆਂ ਨੇ ਮੁਕੰਮਲ ਵਾਤਾਨਾਕੂਲ । ਊਰਜਾ ਦੀ ਬੱਚਤ ਕਿੱਥੋਂ ?

**ਮਾਂ:** ਹਾਂ ਬੱਚੀਓ ! ਕੁੱਝ ਵੀ ਹੋਵੇ ਅਸੀਂ ਇਨ੍ਹਾਂ ਇਮਾਰਤਾਂ ਉਪਰ ਖਰਚਾ ਵੀ ਜਿਆਦਾ ਕਰਦੇ ਹਾਂ ਤੇ ਕਾਰਬਨ ਫੁੱਟ ਪ੍ਰਿੰਟ ਵੀ ਵਧਾਉਂਦੇ ਹਾਂ । ਸੋਚਣ ਵਾਲੀ ਗੱਲ ਤਾਂ ਹੈ ਹੀ ਕਿ ਅਜਿਹਾ ਕਿਉਂ ?

**ਸਰਿਸ਼ਟੀ:** ਮੰਮੀ ! ਸੁਣਿਆ ਹੈ ਕਿ ਸਾਡੇ ਦੇਸ਼ ਵਿੱਚ ਤਾਂ ਇਮਾਰਤਾਂ ਦਾ ਊਰਜਾ ਅਡਿਟ ਵੀ ਹੁੰਦਾ ਹੈ ।ਜਾਂਚ ਕੀਤੀ ਜਾਂਦੀ ਹੈ ਕਿ ਕਿਸੇ ਭਵਨ ਵਿੱਚ ਊਰਜਾ ਦੀ ਕਿੰਨੀ ਬੱਚਤ ਹੋ ਰਹੀ ਹੈ ਤੇ ਕਿੰਨੀ ਹੋਰ ਹੋ ਸਕਨ ਦੀ ਸੰਭਾਵਨਾ ਹੈ !

**ਮਾਂ:** ਹਾਂ! ਸਾਡੀ ਸੰਸਥਾ ਵੀ ਇਸ ਵਿੱਚ ਮਦਦ ਕਰਦੀ ਹੈ।ਅਸੀਂ ਸੂਰਜੀ ਊਰਜਾ ਨੂੰ ਵੀ ਪ੍ਰੋਤਸਾਹਣ ਦੇ ਰਹੇ ਹਾਂ । ਸਰਕਾਰ ਵੱਲੋਂ ਸੋਲਰ ਪੈਨਲ ਵਾਸਤੇ ਦਿੱਤੀ ਜਾਂਦੀ ਸਬਸਿਡੀ ਬਾਬਤ ਵੀ ਪਿੰਡਾਂ ਵਿੱਚ ਜਾਗਰੂਕਤਾ ਫੈਲਾਉਂਦੇ ਹਾਂ !

**ਸਰਿਸ਼ਟੀ:** ਪਰ ਮੰਮੀ ! ਅਜੇ ਤਾਂ ਦਿੱਲੀ, ਗੁਰੂਗਰਾਮ (ਗੁੜਗਾਓਂ) ਤੇ ਨੋਇਡਾ ਵਿੱਚਲੀਆਂ ਸੁਸਾਇਟੀਆਂ ਨੇ ਵੀ ਸੌਰ ਊਰਜਾ ਨਹੀਂ ਅਪਣਾਈ। ਕਈ ਤਾਂ ਸੌਰ ਗੀਜ਼ਰ ਹੀ ਲਗਾ ਕੇ ਬਹਾਨਾ ਬਣਾ ਰਹੇ ਨੇ ਕਿ ਸੌਰ ਪੈਨਲ ਅਤੇ ਇਸਦਾ ਰੱਖ ਰਖਾਅ ਬਹੁਤ ਮਹਿੰਗਾ ਹੈ ।

**ਨਰਿੰਦਰ:** ਆਹੋ ਜੀ ! ਮੈਨੂੰ ਤਾਂ ਇਥੇ ਥਾਮਸ ਐਡੀਸਨ ਵਾਲਾ ਹੀ ਕਿੱਸਾ ਲੱਗਦਾ ਹੈ !

**ਮਾਂ:** ਥਾਮਸ ਐਡੀਸਨ ਵਾਲਾ ਕਿੱਸਾ ? ਉਹ ਕਿਵੇਂ ?

**ਨਰਿੰਦਰ:** ਜਦ ਥਾਮਸ ਐਡੀਸਨ ਨੇ ਕਿਹਾ ਕਿ ਉਹ ਨਿਊਯਾਰਕ ਸ਼ਹਿਰ ਨੂੰ ਬਿਜਲੀ ਦੇ ਲਾਟੂਆਂ ਨਾਲ ਜਗ ਮਗਾ ਦੇਣਗੇ ਤਾਂ ਤੇਲ ਉਤਪਾਦਨ ਕਰਨ ਤੇ ਵੇਚਣ ਵਾਲੀਆਂ ਕੰਪਨੀਆਂ ਨੇ ਉਨ੍ਹਾਂ ਉਪਰ ਅਦਾਲਤ ਵਿੱਚ ਮੁਕੱਦਮਾ ਠੋਕ ਦਿੱਤਾ !ਦਲੀਲ ਸੀ ਕਿ ਅਜਿਹਾ ਕਹਿ ਕੇ ਐਡੀਸਨ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਕਿਉਂ ਜੋ ਇਹ ਤਾਂ ਸੰਭਵ ਹੀ ਨਹੀਂ! ਜਨ ਜੀਵਣ ਦੇ ਵਾਸਤੇ ਬਿਜਲੀ ਬਹੁਤ ਹੀ ਖਤਰਨਾਕ ਹੈ!

**ਸਰਿਸ਼ਟੀ:** ਹਾਂ ਦੀਦੀ! ਬਿਜਲੀ ਕੰਪਨੀਆਂ ਤਾਂ ਹਰ ਹਰਬਾ ਵਰਤ ਕੇ ਸਾਨੂੰ ਆਪਣੀ ਬਿਜਲੀ ‘ਤੇ ਹੀ ਨਿਰਭਰ ਰੱਖਣਗੀਆਂ।ਸੌਰ ਉਰਜਾ ਵਾਸਤੇ ਤਾਂ ਸਮੂਹ ਲੋਕਾਂ ਦਾ ਇਕੱਠ ਕਰਕੇ ਹੱਠ ਕਰਨ ਦੀ ਲੋੜ ਹੈ! ਸਰਕਾਰੀ ਅਧਿਕਾਰੀਆਂ ਨੂੰ ਸਹੀ ਰਸਤੇ ਤੇ ਲਿਆਉਣ ਲਈ ਵੀ ਜਨ ਸਮੂਹਾਂ ਦੀ ਹੀ ਲੋੜ ਹੈ । ਪਰ ਇੱਥੇ ਤਾਂ ਮੰਮੀ ਦੀ ਗੈਰ ਸਰਕਾਰੀ ਸੰਸਥਾ ਵੀ ਚੁੱਪ ਹੀ ਲੱਗਦੀ ਹੈ !

**ਮਾਂ:** ਸਰਿਸ਼ਟੀ ! ਤਨਜ਼ਾਂ ਨਾ ਕਸ, ਆਪਣੇ ਜਨਮ ਦਿਨ ਦਾ ਲਾਹਾ ਲੈ ਰਹੀ ਹੈਂ ਤੂੰ, ਜਾਹ, ਚੁੱਪ ਕਰਕੇ ਸੌਂ ਜਾਹ ਹੁਣ!

**ਸਰਿਸ਼ਟੀ:** ਮੰਮੀ! ਸੱਚ ਕੌੜਾ ਲੱਗਿਆ, ਮਾਰ ਦਿੱਤਾ ਮਿਹਣਾ, ਭੁੱਲ ਗਏ ਕਿ ਪਿਤਾ ਜੀ ਤਾਂ ਅਜੇ ਆਏ ਵੀ ਨਹੀਂ !

**ਨਰਿੰਦਰ:** ਮੰਮੀ ! ਜਦ ਅਸੀਂ ਊਰਜਾ ਬੱਚਤ ਦੀ ਗੱਲ ਕਰਦੇ ਹਾਂ ਤਾਂ ਵਾਹਣਾਂ ਅਤੇ ਬਿਜਲੀ ਦੇ ਉਪਕਰਨਾਂ ਦੀ ਊਰਜਾ ਕੁਸ਼ਲਤਾ ‘ਤੇ ਵੀ ਤਾਂ ਧਿਆਨ ਦੇਣ ਦੀ ਲੋੜ ਹੈ ?

**ਮਾਂ:** ਹਾਂ ! ਇਸ ਵਾਸਤੇ ਜਨਤਕ ਵਾਹਣਾਂ ਅਤੇ ਬਿਜਲੀ ਉਪਕਰਨਾ ਉਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ ! ਇਨ੍ਹਾਂ ਉਪਕਰਨਾਂ ਨੂੰ ਕੁਸ਼ਲਤਾ ਦੇ ਹਿਸਾਬ ਭਾਵ ਘੱਟ ਬਿਜਲੀ ਖਪਤ ਦੇ ਹਿਸਾਬ, ਸਟਾਰ ਦਰ ਦਿੱਤੀ ਜਾਂਦੀ ਹੈ !

**ਸਰਿਸ਼ਟੀ:** ਹਾਂ ! ਜਿਆਦਾ ਸਟਾਰ ਵਾਲੇ ਉਪਕਰਨ ਖ਼ੀਦਣਾ ਫਾਇਦੇਮੰਦ ਹੈ ਕਿਉਂ ਜੋ ਉਹ ਘੱਟ ਬਿਜਲੀ ਖਪਤ ਕਰਦੇ ਨੇ ਤੇ ਬਿਜਲੀ ਦਾ ਬਿਲ ਬਹੁਤ ਜਿਆਦਾ ਘਟਾ ਦਿੰਦੇ ਨੇ !

**ਨਰਿੰਦਰ:** ਪਰ ਕੀਮਤ ਵੀ ਤਾਂ ਉਨੀ ਹੀ ਜਿਅਦਾ ਹੈ !

**ਸਰਿਸ਼ਟੀ:** ਦੀਦੀ ! ਇੱਕ ਵਾਰ ਥੋੜ੍ਹੇ ਵੱਧ ਪੈਸੇ ਲਾਕੇ ਹਰ ਦੋ ਮਹੀਨੇ ਬਾਅਦ ਆਉਂਦੇ ਬਿਜਲੀ ਦੇ ਬਿਲ ਵਿੱਚ ਤਾਂ ਕਿਤੇ ਜਿਆਦਾ ਫਾਇਦਾ ਹੋ ਜਾਵੇਗਾ!

**ਮਾਂ:** ਇਸ ਨਾਲ ਊਰਜਾ ਦੀ ਬੱਚਤ ਹੋਵੇਗੀ ਤੇ ਆਲਮੀ ਤਪਸ਼ ਵੀ ਘਟੇਗੀ ਕਾਰਬਨ ਪੈੜਾਂ ਘਟਣ ਕਰਕੇ !

**ਨਰਿੰਦਰ:** ਹਾਂ ਟਿਕਾਊ ਵਿਕਾਸ ਵਿੱਚ ਵੀ ਯੋਗਦਾਨ ਤੇ ਬਿਜਲੀ ਦਾ ਖਰਚਾ ਵੀ ਘਟ ! ‘ਨਾਲੇ ਪੁੰਨ ਨਾਲੇ ਫਲੀਆਂ’ ਪਰ ਮੰਮੀ ! ਸਰਕਾਰ ਪੰਜ ਸਟਾਰ ਤੋਂ ਘੱਟ ਰੇਟਿੰਗ ਵਾਲੇ ਉਪਕਰਨ ਵਿਕਣ ‘ਤੇ ਪਾਬੰਦੀ ਕਿਉਂ ਨਹੀਂ ਲਗਾਉਂਦੀ ?

**ਮਾਂ:** ਇਹ ਐਨਾ ਸੌਖਾਂ ਨਹੀਂ! ਤਕਨਾਲੋਜੀ ਵਿੱਚ ਤਾਂ ਸੁਧਾਰ ਹੁੰਦਾ ਹੀ ਜਾਂਦਾ ਹੈ, ਜੇ ਪੁਰਣੀ ਤਕਨਾਲੋਜੀ ਨੂੰ ਖਾਰਜ ਕਰਕੇ ਸੁੱਟਦੇ ਰਹੇ ਤਾਂ ਖਰਚਾ ਵੀ ਵਧੇਗਾ ਤੇ ਕੁਦਰਤੀ ਸ੍ਰੋਤਾਂ ਦੇ ਦੋਹਣ ਵਧਨ ਨਾਲ ਟਿਕਾਊ ਵਿਕਾਸ ਨੂੰ ਵੀ ਧੱਕਾ ਲੱਗੇਗਾ !

**ਸਰਿਸ਼ਟੀ:** ਇਸ ਚੱਕਰ ਨਾਲ ਤਾਂ ਉਹੀ ਗੱਲ ਹੋ ਜਾਵੇਗੀ ," ਦੁਬਿਧਾ ਮੇ ਦੋਵੇਂ ਗਏ ਨਾ ਮਾਇਆ ਮਿਲੀ ਨਾ ਰਾਮ"।

**ਨਰਿੰਦਰ:** ਪਰ ਟਿਕਾਊ ਵਿਕਾਸ ਵੱਲ ਪੁਲਾਂਘ ਪੁੱਟਣ ਵਾਸਤੇ ਕੋਈ ਨਾ ਕੋਈ ਨਿਯਮ ਤਾਂ ਬਣਾਉਣੇ ਹੀ ਪੈਣੇ ਨੇ ?

**ਮਾਂ:** ਨਿਯਮ ਤਾਂ ਬਣੇ ਵੀ ਹਨ ! ਸਟਾਰ ਰੇਟਿੰਗ ਲਾਉਣ ਦਾ ਨਿਯਮ, ਵਧੀਆ ਉਤਪਾਦਨ ਅਮਲ (ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸਜ਼) ਤੇ ਹੋਰ ਵੀ ਕਈ ਮਾਨਕ ਨੇ ਭਾਰਤੀ ਮਾਨਕ ਬਿਊਰੋ ਵੱਲੋਂ!

**ਨਰਿੰਦਰ:** ਪਰ ਮੰਮੀ! ਅਜੇ ਵੀ ਊਰਜਾ ਦੀ ਬੱਚਤ ਨੂੰ ਹਕੀਕੀ ਬਣਾਉਣ ਦੇ ਲਈ ਬਹੁਤ ਪ੍ਰਬੰਧਾਂ ਦੀ ਲੋੜ ਹੈ !

**ਮਾਂ:** ਉਹ ਕਿਵੇਂ ?

**ਨਰਿੰਦਰ:** ਜਿਵੇਂ ਜੇ ਬਿਜਲੀ ਕਾਰਾਂ ਪ੍ਰਚੱਲਤ ਕਰਨੀਆਂ ਨੇ ਤਾਂ ਚਾਰਜਿੰਗ ਸਟੇਸ਼ਨ ਬਣਾਉਣ ਦੀ ਵੀ ਤਾਂ ਲੋੜ ਹੈ ! ਨਵੀਂ ਤਕਨਾਲੋਜੀ ਨਾਲ ਵਾਹਣ ਚੱਲਣ ਨਾਲ ਪੈਦਾ ਹੁੰਦੀ ਰਗੜ ਨਾਲ ਵੀ ਤਾਂ ਬਿਜਲੀ ਬਣ ਹੀ ਸਕਦੀ ਹੈ ?

**ਮਾਂ:** ਆਹੋ ਗੱਲ ਤਾਂ ਤੇਰੀ ਠੀਕ ਹੈ ! ਪਰ ਸੜਕੀ ਵਾਹਣਾਂ ਦੀ ਬੈਟਰੀ ਤਾਂ ਵਾਹਣ ਚਲਣ ਵੇਲੇ ਦੀ ਗਤੀ ਊਰਜਾ ਨਾਲ ਹੀ ਚਾਰਜ ਹੁੰਦੀ ਹੈ ? ਮੈਟਰੋ ਵਿੱਚ ਤਾਂ ਬ੍ਰੇਕ ਲਗਣ ਵੇਲੇ ਦੀ ਕਈਨੈਟਿਕ ( ਗਤਿਜ) ਊਰਜਾ ਨੂੰ ਇਕੱਤਰ ਕੀਤਾ ਜਾਂਦਾ ਹੈ ਤੇ ਉਸੇਨੂੰ ਮੁੜ ਰੇਲ ਚਲਾਉਣ ਵਾਸਤੇ ਵਰਤਿਆ ਜਾਂਦਾ ਹੈ ।

**ਸਰਿਸ਼ਟੀ:** ਘਰਾਂ ਅਤੇ ਸਰਵਜਨਕ ਥਾਂਵਾਂ 'ਤ ਤਾਂ ਸੀ ਐਫ ਐਲ ਅਤੇ ਐਲ਼ ਈ ਡੀ ਬਲਬ ਵੀ ਬਿਜਲੀ ਬਚਾਉਣ ਵਿੱਚ ਬਹੁਤ ਯੋਗਦਾਨ ਪਾ ਸਕਦੇ ਹਨ !

**ਮਾਂ:** ਬਿਲਕੁਲ ਠੀਕ! ਐਲ ਈ ਡੀ ਤਾਂ ਸਾਧਾਰਨ ਬਲਬ ਦੇ ਮੁਕਾਬਲੇ 90% ਬਿਜਲੀ ਦੀ ਬੱਚਤ ਕਰਦਾ ਹੈ ਇਸੇ ਕਰਕੇ ਸਰਕਾਰ ਨੇ ਪਹਿਲਾਂ ਸੀ ਐਫ ਐਲ ਤੇ ਹੁਣ ਐਲ਼ ਈ ਡੀ ਸਸਤੇ ਭਾਅ ਦੇਣੇ ਸੁਰੂ ਕੀਤੇ ਨੇ ! ਬਿਜਲੀ ਦਾ ਬਿਲ ਲੈ ਜਾਓ ਤੇ ਐਲ ਈ ਡੀ ਲੈ ਆਓ! ਆਹ ਜੁਲਾਈ 2017 ਤੱਕ ਹੀ ਸਰਕਾਰ ਨੇ 25, 26,68,330 ਐਲ ਈ ਡੀ ਵੱਡ ਦਿੱਤੇ ਨੇ! ਪੰਜਾਬ ਵਿੱਚ 1,16,136 ਤੇ ਹਰਿਆਣੇ ਵਿੱਚ ਇੱਕ ਕਰੋੜ 26 ਲੱਖ 36, 654 ਵੰਡੇ ਗਏ ਨੇ ।

**ਸਰਿਸ਼ਟੀ:** ਇਸ ਨਾਲ 265ਲੱਖ ਟਨ ਸਾਲਾਨਾ ਕਾਰਬਨ ਡਾਈ ਅਕਸਾਈਡ ਘਟਾਈ ਹੈ 13125 ਕਰੋੜ ਦੀ ਬਿਜਲੀ ਦੀ ਸਾਲਾਨਾ ਬੱਚਤ ਹੋਈ ਹੈ । ਪਰ ਪੰਜਾਬ ਇਸ ਵਿੱਚ ਫਾਡੀ ਕਿਉਂ ?

**ਨਰਿੰਦਰ:** ਸਰਿਸ਼ਟੀ ! ਉਜਾਲਾ ਸਕੀਮ ਤਾਂ ਚੰਗੀ ਹੈ , ਪਰ ਐਲ ਈ ਡੀ ਉਦਯੋਗ ਇਸ ਦੀ ਵਿਰੋਧਤਾ ਕਰ ਰਿਹਾ ਹੈ ਕਿ ਉਨ੍ਹਾਂ ਦੀ ਵਿਕਰੀ ਪ੍ਰਭਾਵਤ ਹੋ ਰਹੀ ਹੈ । ਵੈਸੇ ਇਸ ਮਾਮਲੇ ਵਿੱਚ ਭਰਿਸ਼ਟਾਚਾਰ ਵੀ ਨਹੀਂ ਹੋਣ ਦੇਣਾ ਚਾਹੀਦਾ ।

**ਸਰਿਸ਼ਟੀ:** ਵਾਹ ਦੀਦੀ ! ਯੋਜਨਾ ਤਾਂ ਹੈ ਕਮਾਲ ਦੀ ! ਬਿਲ ਲਿਆਓ ... ਐਲ ਈ ਡੀ ਲੈ ਜਾਓ !

ਹਾਸਾ

**ਮਾਂ:** ਭਾਰਤ ਵਿੱਚ ਪੈਟਰੋਲ ਬੱਚਤ ਖੋਜ ਐਸੋਸੀਏਸ਼ਨ, ਇਸਤਿਹਾਰਾਂ ਰਾਹੀਂ ਤੇ ਰੇਡੀਓ ਟੀਵੀ ਤੇ ਪ੍ਰਚਾਰ ਵੀ ਕਰਦੀ ਹੈ ! ਊਰਜਾ ਕੁਸ਼ਲਤਾ ਬਿਊਰੋ ਦਾ ਕੰਮ ਹੀ ਹੈ ਹੀ ਊਰਜਾ ਕੁਸ਼ਲਤਾ ਦੇ ਵਾਸਤੇ !

**ਸਰਿਸ਼ਟੀ:** ਮੰਮੀ! ਕਹਿੰਦੇ ਨੇ ਕਿ ਸਾਡਾ ਭੋਜਨ ਪੌਸ਼ਟਿਕ ਨਹੀਂ ਰਿਹਾ ! ਕੀ ਸਾਡੇ ਭੋਜਨ ਵਿੱਚ ਸੱਚ ਮੁੱਚ ਹੀ ਪੌਸ਼ਟਿਕ ਤੱਤਾਂ ਦੀ ਘਾਟ ਪੈਦਾ ਹੋ ਗਈ ਹੈ ?

**ਮਾਂ:** ਹਾਂ ! ਪੋਸ਼ਣ ਦੀ ਰਾਸਟਰੀ ਸੰਸਥਾ ( ਨੈਸ਼ਨਲ ਇੰਸਟੀਟਿਊਟ ਆਫ ਨਿਊਟਰੀਸ਼ਨ ) ਦੀ ਰਿਪੋਰਟ ਅਨੁਸਾਰ ਮਿੱਟੀ ਵਿੱਚ ਪੋਸ਼ਕ ਤੱਤਾਂ ਦੀ ਘਾਟ ਹੋ ਜਾਣ ਕਰਕੇ ਸਾਡੇ ਫਲਾਂ ਸਬਜੀਆਂ, ਅਨਾਜ ਤੇ ਹੋਰ ਭੋਜਨ ਪਦਾਰਥਾਂ ਵਿੱਚ ਵੀ ਪੌਸ਼ਟਿਕ ਤੱਤਾਂ ਦੀ ਘਾਟ ਪੈਦਾ ਹੋ ਗਈ ਹੈ ।

**ਸਰਿਸ਼ਟੀ:** ਕੀ ਇਸਦਾ ਊਰਜਾ ਬੱਚਤ ਨਾਲ ਵੀ ਕੋਈ ਸਬੰਧ ਹੈ ?

**ਮਾਂ:** ਇਸਦਾ ਅਸਲ ਸਬੰਧ ਤਾਂ ਹੈ ਸਾਡੇ ਖੇਤੀ ਦੇ ਤੌਰ ਤਰੀਕਿਆਂ ਨਾਲ ਜਿਹੜੇ ਆਖਰ ਕਾਰ ਊਰਜਾ ਦੀ ਖਪਤ ਨੂੰ ਤੇ ਟਿਕਾਊ ਵਿਕਾਸ ਨੂੰ ਕਰਦੇ ਨੇ ਪ੍ਰਭਾਵਤ ।

**ਸਰਿਸ਼ਟੀ:** ਹਾਂ ਮੰਮੀ! ਹੁਣ ਤਾਂ ਸਾਡੀ ਖੇਤੀ ਦੇ ਤੌਰ ਤਰੀਕਿਆਂ ਵਿੱਚ ਬਹੁਤ ਜਿਆਦਾ ਖਪਤ ਹੋ ਰਹੀ ਹੈ ਊਰਜਾ ਦੀ , ਰਸਾਇਣਿਕ ਖਾਦਾਂ ਅਤੇ ਕੀਟ ਤੇ ਨਦੀਨ ਨਾਸਕਾਂ ਦੇ ਨਿਰਮਾਣ ਵਿੱਚ, ਧਰਤੀ ਹੇਠਲਾ ਪਾਣੀ ਕੱਢਣ ਵਿੱਚ ਊਰਜ ਦੀ ਬਹੁਤ ਸਾਰੀ ਖਪਤ ਹੋ ਰਹੀ ਹੈ ।

**ਨਰਿੰਦਰ:** ਹਾਂ ਪੰਜਾਬ ਵਿੱਚ ਹੀ 15 ਲੱਖ ਦੇ ਕਰੀਬ ਟਿਊਬਵੈੱਲ ਲੱਗ ਗਏ ਨੇ ਤੇ ਊਰਜਾ ਦੀ ਖਪਤ ਵੀ ਬਹੁਤ ਵਧ ਗਈ ਹੈ, ਬਣਾਉਟੀ ਖੇਤੀ ਨੂੰ ਕੁਦਰਤੀ ਖੇਤੀ ਨਾਲ ਮੇਲ ਕੇ ਅਸੀਂ ਊਰਜਾ ਦੀ ਕਾਫੀ ਬੱਚਤ ਕਰ ਸਕਦੇ ਹਾਂ ਤੇ ਪੌਸ਼ਟਿਕ ਤੱਤਾਂ ਦੀ ਰਾਖੀ ਕਰਕੇ ਸਰੀਰ ਵਾਸਤੇ ਉਨ੍ਹਾਂ ਤੱਤਾਂ ਦੇ ਨਿਰਮਾਨ ਵਿੱਚ ਖਪਤ ਹੋਣ ਵਾਲੀ ਊਰਜਾ ਵੀ ਬਚਾ ਸਕਦੇ ਹਾਂ !

**ਮਾਂ:** ਸਹੀ ਕਿਹਾ! ਅਸੀਂ ਤਾਂ ਕਹਿੰਦੇ ਹਾਂ ਕਿ ਜੀਵਣ ਸੈਲੀ ਵਿੱਚ ਕੁਦਰਤ ਨਾਲ ਇਕਸੁਰਤਾ ਵੱਲ ਮੋੜਾ ਕੱਟਿਆ ਜਾਵੇ, ਕਿਉਂਜੋ ਵਿਕਾਸ ਦੇ ਮੌਜੂਦਾ ਮਾਡਲ ਵਿੱਚ ਸੰਪੂਰਨ ਜੈਵਿਕ ਖੇਤੀ ਤਾਂ ਸੰਭਵ ਹੀ ਨਹੀਂ !

**ਨਰਿੰਦਰ:** ਤਾਂ ਫਿਰ ਕੀ ਜੈਵਿਕ ਖੇਤੀ ਇੱਕ ਮ੍ਰਿਗ ਤ੍ਰਿਸ਼ਣਾ ਹੈ ?

**ਮਾਂ:** ਨਹੀਂ ! ਜੈਵਿਕ ਖੇਤੀ ਹਕੀਕਤ ਬਣ ਸਕਦੀ ਹੈ ਪਰ ਪਹਿਲਾ ਪੜਾਅ ਹੈ ਕਿ ਅਸੀਂ ਰਸਾਇਣਿਕ ਖਾਦਾਂ ਤੇ ਕੀਟ ਨਾਸ਼ਕਾਂ ਦੀ ਵਰਤੋਂ ਘਟਾ ਕੇ ਕੁਦਰਤੀ ਖਾਦਾਂ ਤੇ ਕੀਟ ਨਾਸ ਵਾਸਤੇ ਕੁਦਰਤੀ ਤੌਰ ਤਰੀਕੇ ਵਰਤੀਏ ! ਵਿਕਾਸ ਦੇ ਮਾਡਲ ਨੂੰ ਵੀ ਮੁੜ ਤੋਂ ਪ੍ਰੀਭਾਸ਼ਤ ਕਰਨਾ ਪਵੇਗਾ !

**ਸਰਿਸ਼ਟੀ:** ਹਾਂ ! ਬਹੁਤ ਸਾਰੇ ਮਿੱਤਰ ਕੀੜੇ ਇਨ੍ਹਾਂ ਖਾਦਾਂ ਤੇ ਕੀਟ/ ਨਦੀਨ ਨਾਸ਼ਕਾਂ ਨੇ ਕਰ ਦਿੱਤੇ ਖਤਮ ਉਹ ਖੁਦ ਹੀ ਕਈ ਉਨ੍ਹਾਂ ਕੀਟਾਂ ਦਾ ਸਫਾਇਆ ਕਰ ਦਿੰਦੇ ਸਨ ਜੋ ਹੁੰਦੇ ਸਨ ਫਸਲਾਂ ਵਾਸਤੇ ਹਾਨੀਕਾਰਕ !

**ਮਾਂ:** ਆਹੋ! ਅਸੀਂ ਖੇਤਾਂ ਦੀ ਰਹਿੰਦ-ਖੂੰਹਦ, ਗੋਬਰ ਤੇ ਕੁਦਰਤੀ ਸ੍ਰੋਤਾਂ ਤੋਂ ਜੈਵਿਕ ਖਾਦ ਤੇ ਕੀਟ ਨਾਸ਼ਕ ਤਿਆਰ ਕਰਦੇ ਹਾਂ !

**ਸਰਿਸ਼ਟੀ:** ਯਾਣੀ ਖੇਤ ਦਾ ਸੱਭ ਕੁੱਝ ਮੁੜ ਉਸਦੇ ਹਵਾਲੇ! ਬੱਸ ਹੋ ਗਈ ਕਿੰਨੀ ਹੀ ਊਰਜਾ ਦੀ ਬੱਚਤ! ਮਿਲ ਗਏ ਸਾਰੇ ਪੋਸ਼ਕ ਤੱਤ ਵਾਪਸ ਉਸੇ ਮਿੱਟੀ ਨੂੰ ! ਨਹੀਂ ਹੁੰਦੀ ਕਮੀ ਇਨ੍ਹਾਂ ਤੱਤਾਂ ਦੀ ਖੇਤਾਂ ਵਿੱਚ ਪੈਦਾ ਹੋਣ ਵਾਲੇ, ਭੋਜਨ ਵਿੱਚ ਵੀ !

**ਨਰਿੰਦਰ:** ਖੇਤੀ ਦੀ ਰਹਿੰਦ-ਖੂੰਹਦ ਨਾਲ ਬਾਇਓ ਗੈਸ ਵੀ ਬਣ ਸਕਦੀ ਹੈ ? ਪਰਾਲੀ ਨਾ ਸਾੜੀਏ, ਬਾਇਓ ਗੈਸ ਘਰ ਚੁਲ੍ਹੇ ਬਾਲੀਏ!

**ਮਾਂ:** ਬਿਲਕੁਲ ਠੀਕ! ਕੁਦਰਤੀ ਖੇਤੀ ਵਿੱਚ ਜ਼ਮੀਨ ਨੂੰ ਸਾਰੇ ਦੇ ਸਾਰੇ ਕਰੀਬ 16 ਤੱਤ ਗੋਬਰ ਤੇ ਗੰਡੋਇਆਂ ਦੀ ਖਾਦ ਵਿੱਚ ਮਿਲਦੇ ਨੇ ਜਦ ਕਿ ਰਸਾਇਣਿਕ ਖੇਤੀ ਤਾਂ ਨਾਈਟਰੋਜਨ , ਫਾਸਫੋਰਸ ਅਤੇ ਪੁਟਾਸ਼ੀਅਮ ਤੇ ਹੀ ਚਲਦੀ ਹੈ ।

**ਨਰਿੰਦਰ:** ਹਾਂ ਮੰਮੀ ! ਬਣਾਉਟੀ ਖਾਦ ਵਿੱਚ ਤਾਂ ਐਨ ਪੀ ਕੇ (ਨਾਈਟਰੋਜਨ , ਫਾਸਫੋਰਸ ਅਤੇ ਪੁਟਾਸ਼ੀਅਮ) ਯੂਰੀਆ ਡਾਈਅਮੋਨੀਆ ਵਿੱਚ ਨਾਈਟਰੋਜਨ ਤੇ ਪੁਟਾਸ਼ ਵਿੱਚ ਪੁਟਾਸ਼ੀਅਮ ਹੀ ਸ਼ਾਮਲ ਨੇ !

**ਸਰਿਸ਼ਟੀ:** ਜੈਵਿਕ ਢੰਗਾਂ ਦੇ ਸੁਮੇਲ ਨਾਲ ਖੇਤੀ ਨੂੰ ਦਿੱਤੇ ਜਾਣ ਵਾਲੇ ਮੋੜੇ ਨਾਲ ਤਾਂ ਬੜੀ ਬੱਚਤ ਹੋ ਜਾਣੀ ਹੈ ਊਰਜਾ ਦੀ ਤੇ ਨਾਲੇ ਮਿਲੇਗਾ ਪੌਸ਼ਟਿਕ ਭੋਜਨ ਵੀ !

**ਮਾਂ:** ਵਾਹ ! ਸਾਡੀ ਸਰਿਸ਼ਟੀ ਤਾਂ ਬਹੁਤ ਹੀ ਸਮਝਦਾਰ ਹੋ ਗਈ ਹੈ !

ਹਾਸਾ

**ਨਰਿੰਦਰ:** ਹਾਂ ਮੰਮੀ ! ਮੈਨੂੰ ਤਾਂ ਲਗਦਾ ਹੈ ਸਾਡਾ ਭਵਿੱਖ ਵੀ ਸੁਰੱਖਿਅਤ ਹੱਥਾਂ ਵਿੱਚ ਹੈ !

**ਮਾਂ:** ਹਾਂ ਤੂੰ 15 ਸਾਲ ਦੀ ਬਾਲੜੀ ਵੀ ਬੜੀ ਦਾਨੀ ਹੈਂ ਨਾ ! ਹੁਣ ਤਾਂ ਸੱਚ ਮੁੱਚ ਹੀ ਇਸ ਧਰਤੀ ਦਾ ਭਵਿੱਖ ਸੁਰੱਖਿਅਤ ਹੱਥਾਂ ਵਿੱਚ ਹੈ !

**ਸਰਿਸ਼ਟੀ:** ਕਿਉਂ ਮੰਮੀ ? ਉਹ ਕਿਵੇਂ ?

**ਮਾਂ:** ਕਿਉਂ ਜੋ ਤੁਸੀਂ ਦਿਖਾਵੇ ਤੇ ਉਪਭੋਗਤਾਚਵਾਦ ਵਾਲੇ ਸਭਿਆਚਾਰ ਤੋਂ ਦੂਰ ਕੁਦਰਤ ਤੇ ਪਰਿਆਵਰਣ ਤੇ ਇਸ ਧਰਤੀ ਬਾਬਤ ਸੋਚਦੇ ਹੋ, ਲਾਲਚ ਤੋਂ ਕੋਹਾਂ ਦੂਰ ਹੋ । ਕੇਵਲ ਸੋਚਦੇ ਤੇ ਸਮਝਦੇ ਹੀ ਨਹੀਂ ਸਗੋਂ ਅਮਲ ਵੀ ਕਰਦੇ ਹੋ ਤੇ ਲਾਗੂ ਕਰਨ ਦੀ ਹਿੰਮਤ ਵੀ ਰੱਖਦੇ ਹੋ !

**ਨਰਿੰਦਰ:** ਹਾਂ ਸੱਚ ਮੰਮੀ ! ਤੁਹਾਡੀ ਮੇਲ ਦਾ ਕੋਈ ਆਇਆ ਜਵਾਬ ਜਾ ਨਹੀਂ !

ਕੰਪਿਊਟਰ ਤੇ ਉਂਗਲੀਆਂ ਦੀਆਂ ਅਵਾਜਾਂ

**ਮਾਂ:** ਹਾਂ ਵੇਖ ਰਹੀ ਹਾਂ ! ਲਓ ਆ ਗਿਆ ਜਵਾਬ ! ਸਾਰੇ ਹੀ ਤਿਆਰ ਨੇ ਵੀਡੀਓ ਕਾਨਫਰੰਸ ਦੇ ਵਾਸਤੇ !

ਸਾਰੇ ਖੁਸ਼ੀ ਨਾਲ ਨੱਚਦੇ ਨੇ !

**ਨਰਿੰਦਰ:** ਵੇਖਿਆ ਮੰਮੀ ! ਸਾਡੀ ਸਰਿਸ਼ਟੀ ਨੇ ਕਿੰਨਾ ਸੋਹਣਾ ਤੇ ਕੀਮਤੀ ਤੋਹਫਾ ਦਿੱਤਾ ਹੈ ਮੋੜਵਾਂ ?

ਮਾਂ: ਹਾਂ ਸੱਚ ਮੁੱਚ !

**ਸਰਿਸ਼ਟੀ:** ਮੰਮੀ ! ਹੁਣ ਊਰਜਾ ਦੀ ਬੱਚਤ ਵਾਸਤੇ ਤੁਸੀਂ ਕੰਮ ਸੁਰੂ ਕਰੋ ਪਾਣੀ ਦੀ ਸੰਭਾਲ 'ਤੇ ਵੀ, ਵਿਸ਼ੇਸ਼ ਕਰਕੇ ਸ਼ਹਿਰੀ ਸੁਸਾਇਟੀਆਂ ਵਿੱਚ !

**ਮਾਂ:** ਠੀਕ ਹੈ ! ਸ਼ਹਿਰਾਂ ਵਿੱਚ ਵੀ ਕੰਮ ਦੀ ਬਹੁਤ ਲੋੜ ਹੈ , ਨਹੀਂ ਤਾਂ ਇਹ ਕਈ ਵਾਰੀ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਥਾਂ ਪਿੰਡਾਂ ਨੂੰ ਹੀ ਦੋਸ਼ ਦਿੰਦੇ ਰਹਿੰਦੇ ਨੇ !

**ਨਰਿੰਦਰ:** ਮੰਮੀ ! ਹੁਣ ਤਾਂ ਨਾਹਰਾ ਹੀ ਲਗਾ ਦਿਓ, " ਆਓ ਬਿਜਲੀ ਬਚਾਈਏ"

ਖੇਤ ਦਾ ਪਾਣੀ ਖੇਤ ਵਿੱਚ , ਸ਼ਹਿਰ ਦਾ ਪਾਣੀ ਸ਼ਹਿਰ ਵਿੱਚ ,

ਖੇਤ ਦੀ ਰਹਿੰਦ -ਖੂੰਹਦ ਖੇਤ ਵਿੱਚ ਸ਼ਹਿਰਾਂ ਦੀ ਰਹਿੰਦ-ਖੂੰਹਦ ਸ਼ਹਿਰ ਵਿੱਚ ਵਰਤਾਈਏ !

**ਸਰਿਸ਼ਟੀ:** ਹਾਂ ! ਇਹ ਵੀ ਧਾਰਨਾ ਬਣਾ ਦਿਓ , ਹਲਕੇ ਕੱਪੜੇ ਗਰਮੀ ਦੇ , ਊਨੀ ਕਪੜੇ ਸਰਦੀ ਦੇ , ਕਰਦੇ ਨੇ ਬੱਚਤ ਸਿਹਤ ਤੇ ਊਰਜਾ ਦੀ !

**ਮਾਂ:** ਸ਼ੀਸ਼ੇ ਦੇ ਘਰ ਨਾ ਬਣਾਈਏ, ਗਰਮੀਆਂ ਦੇ ਏ ਸੀ, ਸਰਦੀਆਂ ਦੇ ਹੀਟਰ ਦੂਰ ਭਜਾਈਏ !

**ਨਰਿੰਦਰ:** ਨਲ ਟਪਕਨ ਨਾ ਦੇਈਏ , ਬਿਜਲੀ ਬੇਲੋੜੀ ਬਲਣ ਨਾ ਦੇਈਏ, ਲੋੜ ਬਿਨਾ ਸਵਿਚਾਂ ਰੱਖੀਏ ਬੰਦ, ਇਹੀ ਵੀ ਹੈ ਊਰਜਾ ਬੱਚਤ ਦਾ ਇੱਕ ਪ੍ਰਬੰਧ !

**ਸਰਿਸ਼ਟੀ:** ਸਰਵਜਨਕ ਵਾਹਣ ਵਰਤੀਏ ਕਾਰਾਂ ਕਰੀਏ ਪੂਲ, ਸੌਰ ਊਰਜਾ ਵਰਤਣ ਦਾ ਬਣਾ ਲਈਏ ਹੁਣ ਰੂਲ !

**ਮਾਂ:** ਵੱਡੀਆਂ ਗੱਡੀਆਂ ਨਾਲ ਨਾ ਕਰੀਏ ਵਾਤਾਵਰਣ ਨੂੰ ਮਲੀਨ, ਊਰਜਾ ਦੀ ਬੱਚਤ ਕਰਕੇ, ਸਿਰਜੀਏ ਭਾਰਤ ਕਲੀਨ !

**ਨਰਿੰਦਰ:** ਵਰਤੋ ਤੇ ਸੁੱਟੋ ਸਭਿਆਚਾਰ ਨੂੰ ਹੁਣ ਪਾਈਏ ਠੱਲ੍ਹ , ਊਰਜਾ ਬੱਚਤ ਦਾ ਇਹ ਹੈ ਇੱਕ ਵੱਡਾ ਹੱਲ !

**ਸਰਿਸ਼ਟੀ:** ਜਨਮ ਦਿਨ ਵੀ ਹੁਣ ਜਦ ਅਸੀਂ ਮਨਾਈਏ, ਘਰਾਂ ਦੇ ਵਿੱਚ ਹੀ ਕੁਲਚੇ ਛੋਲੇ ਖਾਈਏ ! ਘੱਟੋ ਘੱਟ ਵਸਤਾਂ ਦਾ ਕਰੀਏ ਇਸਤੇਮਾਲ ਇਹ ਵੀ ਹੈ ਦੋਸਤੋ ! ਊਰਜਾ ਦੀ ਸੰਭਾਲ !

ਸਾਰੇ ਮਿਲ ਕੇ : ਵਾਹ-ਵਾਹ !

ਘੰਟੀ ਦੀ ਆਵਾਜ :

**ਸਰਿਸ਼ਟੀ:** ਪਿਤਾ ਜੀ ਆ ਗਏ !

ਦਰਵਾਜਾ ਖੁਲ੍ਹਣ ਦੀ ਅਵਾਜ !

**ਨਰਿੰਦਰ:** ਨਮਸਤੇ ਪਿਤਾ ਜੀ !

**ਪਿਤਾ:** ਵਾਹ ! ਸਾਰੇ ਹੀ ਜਾਗਦੇ ਨੇ ? ਸਰਿਸ਼ਟੀ ! ਹੈਪੀ ਬਰਥ ਡੇ !

ਹਾਸੀ

**ਨਰਿੰਦਰ:** ਪਿਤਾ ਜੀ ! ਸਰਿਸ਼ਟੀ ਤਾਂ ਤੁਹਾਨੂੰ ਮਿਲਣ ਵਾਸਤੇ ਹੀ ਜਾਗਦੀ ਰਹੀ ਹੈ ! ਤੇ ਇਸੇ ਸਮੇ ਦੌਰਾਨ ਇਸਨੇ ਤਾਂ ਮੈਨੂੰ ਤੇ ਮੰਮੀ ਨੂੰ ਊਰਜਾ ਦੀ ਬੱਚਤ ਬਾਬਤ ਐਨਾ ਕੁੱਝ ਦੱਸਿਆ ਹੈ, ਬੱਸ ਪੁੱਛੋ ਹੀ ਨਾ !

**ਮਾਂ:** ਅੱਛਾ ਦਸੋ ! ਆਪ ਸਰਿਸ਼ਟੀ ਵਾਸਤੇ ਜਨਮ ਦਿਨ ਦਾ ਤੋਹਫਾ ਕਿਹੜਾ ਲੈ ਕੇ ਆਏ ਹੋ ?

**ਪਿਤਾ :** ਕੁੱਝ ਨਹੀਂ !

**ਨਰਿੰਦਰ ਤੇ ਮਾਂ :** (ਮਿਲ ਕੇ) ਹੈਂ ਖਾਲੀ ਹੱਥ ? ਉਹ ਵੀ ਜਪਾਨ ਤੋਂ ?

**ਪਿਤਾ:** ਮੈਂ ਕੀ ਕਰਦਾ ? ਸਰਿਸ਼ਟੀ ਨੇ ਹੀ ਤਾਂ ਕਿਹਾ ਸੀ ਕਿ ਕੁੱਝ ਨਹੀਂ ਲਿਆਉਣਾ, ਪੈਸੇ ਬਚਾ ਲੈਣਾ, ਕੱਲ ਸਾਰੇ ਮਿਲ ਕੇ ਵਧੀਆ ਜਿਹਾ ਖਾਣਾ ਖਾ ਲੈਣਾ !

ਹਾਸੀ

**ਮਾਂ:** ਵਾਹ ਸਰਿਸ਼ਟੀ ! ਤੂੰ ਤਾਂ ਬਹੁਤ ਹੀ ਸਮਝਦਾਰ ਹੈਂ ! ਤੇਰੀ ਤਾਂ ਕਹਿਣੀ ਤੇ ਕਰਨੀ ਵਿੱਚ ਸੱਚ ਮੁੱਚ ਹੀ ਕੋਈ ਫਰਕ ਨਹੀਂ ! ਤੂੰ ਤਾਂ ਸਹੀ ਮਾਹਨਿਆਂ ਵਿੱਚ ਕਥਨੀ ਦੀ ਸੂਰਾ ਹੈਂ ! ਪਰ ਭੋਜਨ ਬਾਹਰ ਕਰਨ ਜਾਣ ਦੀ ਕੀ ਲੋੜ ?

**ਸਰਿਸ਼ਟੀ:** ਮੰਮੀ ! ਕਿਸ ਨੇ ਕਿਹਾ ਹੈ ਕਿ ਭੋਜਨ ਕਰਨ ਬਾਹਰ ਜਾਣਾ ਹੈ ?

**ਪਿਤਾ:** ਪਰ ਮੀਤਾ ! ਤੂੰ ਤਾਂ ਕੱਲ੍ਹ ਰਾਏਪੁਰ ਜਾਣਾ ਹੈ !

**ਨਰਿੰਦਰ:** ਪਿਤਾ ਜੀ! ਘਰ ਨਾ ਰਹਿਣ ਦਾ ਇਹੀ ਨੁਕਸਾਨ ਹੈ ! ਕੋਈ ਖਬਰ -ਸਾਰ ਨਹੀਂ ਰਹਿੰਦੀ ! ਮੰਮੀ ਦਾ ਕੱਲ੍ਹ ਰਾਏਪੁਰ ਜਾਣਾ ਰੱਦ ਪਰ ਮੀਟਿੰਗ ਹੋਵੇਗੀ ! ਉਹ ਵੀ ਸਰਿਸ਼ਟੀ ਦੇ ਕਾਰਨ !

**ਪਿਤਾ:** ਵਾਹ ! ਇਹ ਕਿਵੇਂ ਹੋ ਗਿਆ ?

**ਮਾਂ:** ਬੱਸ ਹੁਣ ਸੌਣ ਦਿਓ ਇਸਨੂੰ, ਕੱਲ ਪੁੱਛ ਲੈਣਾ , ਜੇ ਇੱਕ ਵਾਰ ਸੁਰੂ ਹੋ ਗਈ ਤਾਂ ਨਾ ਇਸਨੇ ਆਪ ਸੋਣਾ ਹੈ ਤੇ ਨਾ ਮੈਨੂੰ ਸੌਣ ਦੇਣਾ ਹੈ !

ਹਾਸੀ

**ਪਿਤਾ:** ਤਾਂ ਚਲੋ ਅੱਜ ਮੈਂ ਆਪਣੀ ਸਰਿਸ਼ਟੀ ਨਾਲ ਕਰਦਾ ਹਾਂ ਗੱਲਾਂ ! ਕਈ ਦਿਨਾਂ ਤੋਂ ਇਸ ਨਾਲ ਗੱਲ ਨਹੀਂ ਹੋਈ । ਤੁਸੀਂ ਦੋਵੇਂ ਸੌਂ ਜਾਓ ਜਾਕੇ !

**ਨਰਿੰਦਰ:** ਲਓ ਜੀ ! ਸਰਿਸ਼ਟੀ ਦੇ ਹੋ ਗਏ ਮਜੇ ! ਕੋਈ ਗੱਲ ਕਰਨ ਵਾਲਾ ਤਾਂ ਮਿਲਿਆ ।

**ਸਰਿਸ਼ਟੀ:** ਤਾਂ ਪਿਤਾ ਜੀ ! ਅੱਜ ਅਸੀਂ ਸਰਿਸ਼ਟੀ ਦੀ ਗੱਲ ਕਰਦੇ ਹਾਂ !

**ਪਿਤਾ:** ਹੈਂ ! ਤੇਰੀ ਅਕਲ ਤਾਂ ਠਿਕਾਨੇ ਹੈ ? ਕਿਹੋ ਜਿਹੀਆਂ ਗੱਲਾਂ ਕਰ ਰਹੀ ਹੈਂ !

**ਸਰਿਸ਼ਟੀ:** ਨਹੀਂ ਪਿਤਾ ਜੀ ! ਮੈਂ ਤਾਂ ਪੂਰੇ ਹੋਸ਼ੋ ਹਵਾਸ ਵਿੱਚ ਹਾਂ! ਅੱਜ ਗੱਲ ਕਰਾਂਗੇ ਸਰਿਸ਼ਟੀ ਜਾਣੀ ਕੁਦਰਤ ਦੀ , ਇਸ ਸੰਸਾਰ ਦੀ, ਇਸਦੀ ਹੋਂਦ ਦੀ ! ਇਸ ਨੂੰ ਦਰਪੇਸ਼ ਖਤਰਿਆਂ ਦੀ ! ਉਨ੍ਹਾਂ ਖਤਰਿਆਂ ਤੋਂ ਬਚਣ ਦੇ ਉਪਾਵਾਂ ਦੀ !

**ਪਿਤਾ:** ਮੀਤਾ ! ਸੁਣਦੀ ਹੈਂ ? ਸਰਿਸ਼ਟੀ 12 ਸਾਲ ਦੀ ਹੋਈ ਹੈ ਅਜੇ! ਗੱਲਾਂ ਕਰ ਰਹੀ ਹੈ ਐਨੀ ਸਮਝਦਾਰੀ ਦੀਆਂ !

**ਨਰਿੰਦਰ ਮਾਂ ਨਾਲ ਮਿਲ ਕੇ** : ਵੈਲਕਮ ! ਹੈਪੀ ਬਰਥ ਡੇ ਸਰਿਸ਼ਟੀ !

ਸਾਰਿਆ ਦੀ ਹਾਸੀ ।

**ਪ੍ਰਸ਼ਨ:**

ਪ੍ਰਸ਼ਨ -1

ਊਰਜਾ ਦੀ ਬੱਚਤ ਵਾਸਤੇ ਕਿਹੜਾ ਬਲਬ 90% ਊਰਜਾ ਬਚਾਉਂਦਾ ਹੈ ਜਿਸ ਨੂੰ ਭਾਰਤ ਸਰਕਾਰ ਉਜਾਲਾ ਸਕੀਮ ਤਹਿਤ ਵੰਡ ਰਹੀ ਹੈ ?
**ਉੱਤਰ:** ਐਲ ਈ ਡੀ

ਪ੍ਰਸ਼ਨ -2

ਊਰਜਾ ਦੀ ਬੱਚਤ ਵਾਸਤੇ ਘਰਾਂ ਤੇ ਦਫਤਰਾਂ /ਸਰਵਜਨਕ ਇਮਾਰਤਾਂ ਵਿੱਚ ਆਏ ਕਿਹੜੇ ਬਦਲਾਅ ਨੂੰ ਰੋਕਣ ਦੀ ਲੋੜ ਹੈ ?
**ਉੱਤਰ:** ਸ਼ੀਸੇ ਦੇ ਘਰ, ਦਫਤਰ ਤੇ ਸਰਵਜਨਕ ਇਮਾਰਤਾਂ ਬਣਾਉਣ ਨੂੰ !